## (ਪੰਜਾਬ ਰਾਜ ਭਾਸ਼ਾ ਐਕਟ, 1967)

## (1967 ਦਾ ਪੰਜਾਬ ਐਕਟ ਨੰ.5)

ਪੰਜਾਬ ਰਾਜ ਦੇ ਸਭ ਸਰਕਾਰੀ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਵਜੋਂ ਪੰਜਾਬ ਨੂੰ ਅੰਗੀਕਾਰ ਕਰਨ ਦਾ ਉਪਬੰਧ ਕਰਨ ਲਈ ਐਕਟ- । ਭਾਰਤ ਗਣਰਾਜ ਦੇ ਅਠਾਰ੍ਹਵੇਂ ਸਾਲ ਵਿਚ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ :

| | |
|---|---|
| 1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ ਐਕਟ, 1967 ਕਿਹਾ ਜਾ ਸਕੇਗਾ ।<br>(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ ।<br>(3) ਇਹ ਫ਼ੌਰਨ ਨਾਫ਼ਜ਼ ਹੋਵੇਗਾ । | ਸੰਖੇਪ ਨਾਂ, ਵਿਸਤਾਰ ਅਤੇ ਆਰੰਭ |
| 2. ਇਸ ਐਕਟ ਵਿਚ ਜੇਕਰ ਪ੍ਰਸੰਗ ਹੋਰਵੇਂ ਲੋੜੇ ;<br>(1) 'ਪੰਜਾਬੀ' ਦਾ ਮਤਲਬ ਹੈ ਗੁਰਮੁਖੀ ਲਿਪੀ ਵਿਚ ਪੰਜਾਬੀ;<br>(2) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ | ਪਰਿਭਾਸ਼ਾਵਾਂ |
| 3. ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਹੋਵੇਗੀ । | ਪੰਜਾਬੀ ਦਾ ਰਾਜ ਦੀ ਰਾਜ ਭਾਸ਼ਾ ਹੋਣਾ । |
| 4. ਰਾਜ ਸਰਕਾਰ, ਸਮੇਂ ਸਮੇਂ, ਅਧਿਸੂਚਨਾ ਦੁਆਰਾ ਇਹ ਨਿਰਦੇਸ਼ ਦੇ ਸਕੇਗੀ ਕਿ ਪੰਜਾਬੀ ਰਾਜ ਦੇ ਅਜਿਹੇ ਸਰਕਾਰੀ<br>ਪ੍ਰਯੋਜਨਾਂ ਲਈ ਅਤੇ ਅਜਿਹੀਆਂ ਤਰੀਕਾਂ ਤੋਂ ਵਰਤੀ ਜਾਵੇਗੀ ਜੋ ਅਧਿਸੂਚਨਾ ਵਿਚ ਉਲਿਖਤ ਕੀਤੀਆਂ ਜਾਣ । | ਉਹ ਸਰਕਾਰੀ ਪ੍ਰਯੋਜਨ ਅਧਿਸੂਚਿਤ ਕਰਨ ਦੀ ਸਰਕਾਰ ਦੀ ਸ਼ਕਤੀ ਜਿਨ੍ਹਾਂ ਲਈ ਪੰਜਾਬੀ ਵਰਤੀ ਜਾਵੇਗੀ । |
| 5. ਅਜਿਹੀ ਤਰੀਕ ਨੂੰ ਅਤੇ ਤੋਂ ਜੋ ਰਾਜ ਸਰਕਾਰ ਅਧਿਸੂਚਨਾ ਦੁਆਰਾ ਇਸ ਨਮਿਤ ਨਿਯਤ ਕਰੇ<br>(ੳ) ਰਾਜ ਦੇ ਵਿਧਾਨ ਮੰਡਲ ਵਿਚ ਪੁਰਸਥਾਪਤ ਕੀਤੇ ਜਾਣ ਵਾਲੇ ਸਭ ਬਿਲਾਂ, ਜਾਂ ਉਨ੍ਹਾਂ ਵਿਚ ਕਰਨ ਲਈ ਪੇਸ਼ ਕੀਤੀਆਂ ਜਾਣ ਵਾਲੀਆਂ ਸੋਧਾਂ<br>(ਅ) ਰਾਜ ਦੇ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਸਭ ਐਕਟਾਂ<br>(ੲ) ਸੰਵਿਧਾਨ ਦੇ ਅਨੁਛੇਦ 213 ਅਧੀਨ ਰਾਜਪਾਲ ਦੁਆਰਾ ਜਾਰੀ ਕੀਤੇ ਸਭ ਆਰਡੀਨੈਸਾਂ; ਅਤੇ<br>(ਸ) ਸੰਵਿਧਾਨ ਅਧੀਨ ਜਾਂ ਸੰਸਦ ਜਾ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਕਿਸੇ ਕਾਨੂੰਨ ਦੇ ਅਧੀਨ ਜਾਰੀ ਕੀਤਾ ਸਭ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਕਾਨੂੰਨਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ ਪੰਜਾਬੀ ਹੋਵੇਗੀ; ਪਰੰਤੂ ਰਾਜ ਸਰਕਾਰ ਉਪਰ ਖੰਡ (ੳ) ਤੋਂ (ਸ) ਵਿਚ ਹਵਾਲਾ ਦਿੱਤੇ ਪ੍ਰਯੋਜਨਾਂ ਵਿਚੋਂ ਕਿਸੇ ਦੇ ਬਾਰੇ ਵਿਚ ਵੱਖ ਵੱਖ ਤਰੀਕਾਂ ਨਿਯਤ ਕਰ ਸਕੇਗੀ । | ਬਿਲਾਂ ਆਦਿ ਵਿਚ ਵਰਤੀ ਜਾਣ ਵਾਲੀ ਭਾਸ਼ਾ । |
| 6. ਜਦੋਂ ਤਕ ਰਾਜ ਸਰਕਾਰ ਧਾਰਾ 4 ਅਧੀਨ ਅਧਿਸੂਚਨਾ ਦੁਆਰਾ ਹੋਰਵੇਂ ਨਿਰਦੇਸ਼ ਨਹੀਂ ਦਿੰਦੀ, ਰਾਜ ਦੇ ਵਿਧਾਨ ਮੰਡਲ ਵਿਚ ਕਾਰਜ ਕਰਨ ਲਈ ਰਾਜ ਦੀ ਰਾਜ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖੀ ਜਾ ਸਕੇਗੀ । | ਰਾਜ ਵਿਧਾਨ ਮੰਡਲ ਵਿਚ ਅੰਗਰੇਜ਼ੀ ਦੀ ਵਰਤੋਂ ਦਾ ਜਾਰੀ ਰਹਿਣਾ । |

| | |
|---|---|
| 6.(ੳ) ਅਧਿਸੂਚਨਾ ਦੁਆਰਾ ਉਲਿਖਤ ਤਰੀਕ ਨੂੰ ਅਤੇ ਤੋਂ;<br>(ੳ) ਸੰਵਿਧਾਨ ਦੀ ਸਤਵੀਂ ਅਨੁਸੂਚੀ ਦੀ ਸੂਚੀ 111 ਵਿਚ ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਕਿਸੇ ਕੇਂਦਰੀ ਐਕਟ ਜਾਂ ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਕਿਸੇ ਆਰਡੀਨੈਂਸ ਦਾ,<br>(ੳੳ) ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ 11 ਵਿਚ ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਬਣਾਏ ਗਏ ਕਿਸੇ ਵੀ ਕੇਂਦਰੀ ਐਕਟ ਦਾ, | ਕੇਂਦਰੀ ਅਤੇ ਰਾਜ ਐਕਟਾਂ ਆਦਿ ਦਾ ਅਧਿਕਾਰਤ ਪੰਜਾਬੀ ਅਨੁਵਾਦ। |
| (ੳੳੳ) ਸੰਵਿਧਾਨ ਦੇ ਅਨੁਛੇਦ 252 ਅਧੀਨ ਪਾਸ ਕੀਤੇ ਗਏ ਕਿਸੇ ਵੀ ਕੇਂਦਰੀ ਐਕਟ ਦਾ,<br>(ਅ) ਕਿਸੇ ਰਾਜ ਐਕਟ ਦਾ ਜਾਂ ਰਾਜਪਾਲ ਦੁਆਰਾ ਜਾਰੀ ਕੀਤੇ ਕਿਸੇ ਆਰਡੀਨੈਂਸ ਦਾ<br>ਜਾਂ<br>(ੲ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਕਿਸੇ ਹੁਕਮ, ਨਿਯਮ, ਵਿਨਿਯਮ ਜਾਂ ਉਪ-ਕਾਨੂੰਨ ਦਾ, ਰਾਜ ਦੇ ਸਰਕਾਰੀ ਗਜ਼ਟ ਵਿਚ ਰਾਜਪਾਲ ਦੀ ਸੱਤਾ ਨਾਲ ਪ੍ਰਕਾਸ਼ਿਤ ਪੰਜਾਬੀ ਵਿਚ ਅਨੁਵਾਦ ਉਸ ਦਾ ਪੰਜਾਬੀ ਵਿਚ ਸੱਤਾਯੁਗਤ ਪਾਠ ਸਮਝਿਆ ਜਾਵੇਗਾ।<br>7. ਇਸ ਐਕਟ ਦੀ ਕੋਈ ਗੱਲ ਕਿਸੇ ਵਿਅਕਤੀ ਨੂੰ ਕਿਸੇ ਸ਼ਿਕਾਇਤ ਦੇ ਦੂਰ ਕਰਨ ਲਈ ਰਾਜ ਦੇ ਕਿਸੇ ਅਫ਼ਸਰ ਜਾਂ ਅਥਾਰਿਟੀ ਨੂੰ ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਵਿਚ, ਜਿਨ੍ਹਾਂ ਵਿਚ ਹਿੰਦੀ ਵੀ ਸ਼ਾਮਲ ਹੈ, ਪ੍ਰਤੀ ਬੇਨਤੀ ਪੇਸ਼ ਕਰਨ ਤੋਂ ਰੋਕਣ ਵਾਲੀ ਨਹੀਂ ਸਮਝੀ ਜਾਵੇਗੀ। | ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਵਿਚ ਪ੍ਰਤਿਬੇਨਤੀ ਪੇਸ਼ ਕਰਨ ਦਾ ਵਿਅਕਤੀ ਦਾ ਅਧਿਕਾਰ। |
| 8. ਇਸ ਐਕਟ ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਰਾਜ ਸਰਕਾਰ ਰਾਜ ਵਿਚ ਹਿੰਦੀ ਭਾਸ਼ਾ ਦਾ ਵਿਕਾਸ ਕਰਨ ਲਈ ਢੁਕਵੇਂ ਕਦਮ ਚੁੱਕੇਗੀ। | ਹਿੰਦੀ ਭਾਸ਼ਾ ਦਾ ਵਿਕਾਸ |
| 9. ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ। | 1960 ਦੇ ਪੰਜਾਬ ਐਕਟ ਨੰ.28 ਦਾ ਨਿਰਸਤ |

ਰਜਿਸਟਰਡ ਨੰ: ਐਨ. ਡਬਲਯੂ./ਸੀ. ਐਚ-22 ਰਜਿਸਟਰਡ ਨੰ: ਸੀ. ਐਚ. ਡੀ. /0092/2006-2008

ਮੁਹਰ

ਪੰਜਾਬ ਸਰਕਾਰ

ਪੰਜਾਬ ਸਰਕਾਰ ਗਜ਼ਟ

ਅਸਾਧਾਰਣ

ਅਥਾਰਿਟੀ ਵੱਲੋਂ ਪ੍ਰਕਾਸ਼ਿਤ

ਚੰਡੀਗੜ੍ਹ, ਬੁੱਧਵਾਰ, 5 ਨਵੰਬਰ, 2008

(ਕੱਤਕ 14,1930 ਸਾਕਾ)

ਵਿਧਾਨਿਕ ਸੰਪੂਰਕ


ਵਿਸ਼ਾ ਵਸਤੂ ਪੰਨੇ

ਭਾਗ-ਜ ਐਕਟ 115-118
ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 (2008 ਦਾ ਪੰਜਾਬ ਐਕਟ ਨੰ: 27)

ਭਾਗ-ਜਜ ਅਧਿਆਦੇਸ਼
ਕੋਈ ਨਹੀਂ

ਭਾਗ-ਜਜਜ ਸੌਂਪਿਆ ਗਿਆ ਵਿਧਾਨ
ਕੋਈ ਨਹੀਂ

ਭਾਗ-ਜਙ ਦਰੁਸਤ ਸਲਿਪਾਂ, ਮੁੜ-ਪ੍ਰਕਾਸ਼ਨਾਵਾਂ ਅਤੇ ਬਦਲਾਓ
ਕੋਈ ਨਹੀਂ


ਭਾਗ-1

ਕਾਨੂੰਨੀ ਤੇ ਵਿਧਾਨਕ ਮਾਮਲੇ ਵਿਭਾਗ, ਪੰਜਾਬ

ਨੋਟੀਫ਼ਿਕੇਸ਼ਨ

5, ਨਵੰਬਰ, 2008

ਨੰ: 30 ਵਿਧਾਨ/2008- ਪੰਜਾਬ ਰਾਜ ਦੇ ਵਿਧਾਨ ਮੰਡਲ ਦਾ ਹੇਠ ਦਰਸਾਏ ਐਕਟ ਨੂੰ 27 ਅਕਤੂਬਰ, 2008 ਨੂੰ ਪੰਜਾਬ ਦੇ ਰਾਜਪਾਲ ਜੀ ਦੀ ਸਹਿਮਤੀ ਪ੍ਰਾਪਤ ਹੋ ਗਈ ਅਤੇ ਇਸ ਦੁਆਰਾ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

ਛੋਟਾ ਸਿਰਲੇਖ ਅਤੇ

| | | |
|---|---|---|
| -ਰੂਆਤ<br><br>1967 ਦੇ ਪੰਜਾਬ ਐਕਟ ਨੰ. ਪੰਜ ਵਿਚ ਨਵੀਆਂ ਧਾਰਾਵਾਂ 3 ਏ ਅਤੇ 3 ਬੀ ਂਮਲ ਕਰਨ ਬਾਰੇ ।<br><br>1967 ਦੇ ਪੰਜਾਬ ਰਾਜ ਭਾ-ਾ ਐਕਟ ਨੰ. 5 ਵਿਚ ਨਵੀਆਂ ਧਾਰਾਵਾਂ 8-ਏ, 8-ਬੀ, 8-ਸੀ ਅਤੇ 8-ਡੀ -ਾਮਲ ਕਰਨ ਬਾਰੇ । | ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ | **ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008**<br>**(2008 ਦਾ ਪੰਜਾਬ ਐਕਟ ਨੰਃ 27)**<br>**ਐਕਟ**<br>ਪੰਜਾਬ ਰਾਜ ਭਾਸ਼ਾ ਐਕਟ, 1967 ਵਿੱਚ ਅੱਗੇ ਤਰਮੀਮ ਕਰਨ ਲਈ।<br>ਪੰਜਾਬ ਵਿਧਾਨ ਸਭਾ ਦੁਆਰਾ ਭਾਰਤ ਗਣਰਾਜ ਦੇ ਉਣਾਹਠਵੇਂ ਵਰ੍ਹੇ ਵਿਚ ਪਾਸ ਕੀਤਾ ਗਿਆ ਅਰਥਾਤ :-<br>1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਕਿਹਾ ਜਾਵੇਗਾ<br>(2) ਇਹ ਐਕਟ ਤੁਰੰਤ ਲਾਗੂ ਹੋਵੇਗਾ ਬਸ਼ਰਤੇ ਕਿ ਧਾਰਾ 3-ਏ ਇਸ ਐਕਟ ਦੇ ਲਾਗੂ ਹੋਣ ਤੋਂ ਛੇ ਮਹੀਨੇ ਬਾਅਦ ਲਾਗੂ ਹੋਵੇਗੀ।<br><br>2. ਪੰਜਾਬ ਰਾਜ ਭਾਸ਼ਾ ਐਕਟ, 1967 (ਜਿਸ ਨੂੰ ਇਸ ਤੋਂ ਅੱਗੇ ਮੂਲ ਐਕਟ ਕਿਹਾ ਜਾਵੇਗਾ), ਸੈਕਸ਼ਨ 3 ਤੋਂ ਬਾਅਦ ਹੇਠ ਲਿਖੇ ਸੈਕਸ਼ਨ ਸ਼ਾਮਲ ਕੀਤੇ ਜਾਣਗੇ :-<br>"3-ਏ (1) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿੱਚ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।<br>ਵਿਆਖਿਆ :- ਇਸ ਧਾਰਾ ਵਿਚ ਆਏ ਸ਼ਬਦਾਂ'ਦੀਵਾਨੀ ਅਦਾਲਤਾਂ' ਅਤੇ 'ਫੌਜਦਾਰੀ ਅਦਾਲਤਾਂ' ਤੋਂ ਉਹੀ ਭਾਵ ਲਿਆ ਜਾਵੇਗਾ ਜੋ ਉਹਨਾਂ ਨੂੰ ਕ੍ਰਮਵਾਰ ਕੋਡ ਆਫ ਸਿਵਲ ਪਰੋਸੀਜ਼ਰ, 1908 ਅਤੇ ਕੋਡ ਆਫ਼ ਕਰਿਮੀਨਲ ਪਰੋਸੀਜ਼ਰ, 1973 ਰਾਹੀਂ ਦਿੱਤਾ ਗਿਆ ਹੈ।<br>(2) ਸਬੰਧਤ ਪ੍ਰਬੰਧਕੀ ਵਿਭਾਗ ਉਪਰੋਕਤ ਉਪ ਧਾਰਾ (1), ਵਿਚ ਦਰਜ ਅਦਾਲਤਾਂ ਅਤੇ ਟ੍ਰਿਬਿਊਨਲਾਂ ਨੂੰ ਲੋੜੀਂਦਾ ਸਾਜੋ ਸਾਮਾਨ ਅਤੇ ਉਹਨਾਂ ਦੇ ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ, ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਮੁਹੱਈਆ ਕਰਵਾ ਕੇ ਇਸ ਧਾਰਾ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਏਗਾ।<br>3-ਬੀ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।" |

| | | |
|---|---|---|
| | ਪੰਜਾਬੀ ਦੀ ਵਰਤੋਂ<br><br>ਰਾਜ ਸਰਕਾਰ ਦੇ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਦਫ਼ਤਰਾਂ ਆਦਿ ਵਿਚ ਪੰਜਾਬੀ ਦੀ ਵਰਤੋਂ ਬਾਰੇ।<br><br>ਮੁਆਇਨਾ ਕਰਨ ਦੀ ਤਾਕਤ<br><br>ਰਾਜ ਪੱਧਰੀ ਅਧਿਕਾਰਤ ਕਮੇਟੀ | 3. ਮੂਲ ਐਕਟ ਦੀ ਧਾਰਾ 8 ਤੋਂ ਬਾਅਦ ਹੇਠ ਲਿਖੀਆਂ ਧਾਰਾਵਾਂ ਸ਼ਾਮਲ ਕੀਤੀਆਂ ਜਾਣਗੀਆਂ :-<br>"8-ਏ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਸ ਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਰਾਜ ਸਰਕਾਰ ਦੇ ਸਾਰੇ ਸਰਕਾਰੀ ਦਫ਼ਤਰਾਂ, ਜਨਤਕ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਦੇ ਦਫ਼ਤਰਾਂ ਦਾ ਮੁਆਇਨਾ ਕਰਨ ਦਾ ਇਖ਼ਤਿਆਰ ਹੋਵੇਗਾ। ਇਹ ਦਫ਼ਤਰਾਂ ਦਾ ਦਫਤਰੀ ਰਿਕਾਰਡ ਰੱਖਣ ਵਾਲੇ ਅਫ਼ਸਰ ਆਪਣੇ ਕਬਜ਼ੇ ਹੇਠਲਾ ਸਾਰਾ ਰਿਕਾਰਡ, ਮੁਆਇਨਾ ਕਰਨ ਵਾਲੇ ਅਜਿਹੇ ਡਾਇਰੈਕਟਰ ਜਾਂ ਅਫ਼ਸਰ ਨੂੰ ਮੁਹੱਈਆ ਕਰਵਾਉਣਗੇ।<br>8- ਬੀ (1) ਇਸ ਐਕਟ ਦੀਆਂ ਧਾਰਾਵਾਂ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇਕ ਰਾਜ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।<br>(2) ਰਾਜ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ :-<br>1) ਸਿੱਖਿਆ ਮੰਤਰੀ, ਪੰਜਾਬ; : ਚੇਅਰਪਰਸਨ<br>2) ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ : ਮੰਤਰੀ ਜੀ ਵੱਲੋਂ ਨਾਮਜ਼ਦ ਨੁਮਾਇੰਦਾ; : ਮੈਂਬਰ<br>3) ਐਡਵੋਕਟ ਜਨਰਲ, ਪੰਜਾਬ ਜਾਂ ਉਹਨਾਂ ਦਾਨੁਮਾਇੰਦਾ; : ਮੈਂਬਰ<br>4) ਸਕੱਤਰ ਸਕੂਲ ਸਿੱਖਿਆ; : ਮੈਂਬਰ<br>5) ਸਕੱਤਰ ਉਚੇਰੀ ਸਿੱਖਿਆ; : ਮੈਂਬਰ<br>6) ਕਾਨੂੰਨੀ ਮਸ਼ੀਰ ਤੇ ਸਕੱਤਰ, ਪੰਜਾਬ ਸਰਕਾਰ; : ਮੈਂਬਰ<br>7) ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੋ ਦੇ ਨੁਮਾਇੰਦੇ; : ਮੈਂਬਰ<br>8) ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈੱਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ; : ਮੈਂਬਰ<br>9) ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ; : ਮੈਂਬਰ<br>10) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ; : ਕਨਵੀਨਰ<br>(3) ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਕਰਵਾਉਣ ਹਿੱਤ ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।<br>(4) ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ। |

| | | |
|---|---|---|
| | ਜ਼ਿਲਾ ਪੱਧਰੀ ਅਧਿਕਾਰਤ ਕਮੇਟੀ | 8-ਸੀ (1) ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।<br>(2) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ :-<br>1) ਮੁੱਖ ਮੰਤਰੀ ਜੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦਾ ਇਕ ਮੰਤਰੀ ਜਾਂ ਵਿਧਾਨਿਕ : ਚੇਅਰਪਰਸਨ<br>2) ਡਿਪਟੀ ਕਮਿਸ਼ਨਰ; : ਵਾਈਸ ਚੇਅਰਮੈਨ<br>3) ਜ਼ਿਲਾ ਸਿੱਖਿਆ ਅਫਸਰ; : ਮੈਂਬਰ<br>4) ਰਾਜ ਸਰਕਾਰ ਵਲੋਂ ਨਾਮਜ਼ਦ ਜ਼ਿਲੇ ਵਿਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ; : ਮੈਂਬਰ<br>5) ਰਾਜ ਸਰਕਾਰ ਵਲੋਂ ਨਾਮਜ਼ਦ ਪੰਜਾਬੀ ਪ੍ਰੈੱਸ ਦੇ ਤਿੰਨ ਨੁਮਾਇੰਦੇ; : ਮੈਂਬਰ<br>6) ਜ਼ਿਲ੍ਹਾ ਲੋਕ ਸੰਪਰਕ ਅਫਸਰ; : ਮੈਂਬਰ<br>7) ਰਾਜ ਸਰਕਾਰ ਵਲੋਂ ਨਾਮਜ਼ਦ ਦੋ ਜਨਤਕ: ਨੁਮਾਇੰਦੇ; ਮੈਂਬਰ<br>8) ਜ਼ਿਲ੍ਹਾ ਅਟਾਰਨੀ; : ਮੈਂਬਰ<br>9) ਜ਼ਿਲ੍ਹਾ ਭਾਸ਼ਾ ਅਫਸਰ; : ਕਨਵੀਨਰ<br>(3) ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।<br>(4) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵੱਲੋਂ ਇਸ ਐਕਟ ਦੀਆਂ ਧਾਰਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।<br>(5) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।<br><br>8-ਡੀ (1) ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ।<br>(2) ਉਪਰੋਕਤ ਉਪ ਧਾਰਾ (1) ਤਹਿਤ ਕਸੂਰਵਾਰ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕਾਰਵਾਈ ਸਬੰਧਤ ਕੰਪੀਟੈਂਟ ਅਥਾਰਟੀ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਰਾਸ਼ਾਂ ਅਨੁਸਾਰ ਕਰੇਗੀ। |

| | | |
|---|---|---|
| | ਸਜ਼ਾਵਾਂ | ਬਸ਼ਰਤੇ ਕਿ ਅਜਿਹੀ ਕਾਰਵਾਈ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣੇ ਜਾਣ ਦਾ ਮੌਕਾ ਦਿੱਤਾ ਜਾਵੇਗਾ।''<br><br>ਰੇਖਾ ਮਿੱਤਲ<br>ਸਕੱਤਰ, ਪੰਜਾਬ ਸਰਕਾਰ<br>ਕਾਨੂੰਨੀ ਤੇ ਵਿਧਾਨਿਕ ਮਾਮਲੇ ਵਿਭਾਗ। |
| | | |